# ਜਹ ਖੇਲੈ ਸ੍ਰੀ ਨਾਰਾਇਨਾ

## ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ

## ੧ੴ ਸਤਿ ਗੁਰ ਪ੍ਰਸਾਦਿ ॥

ਇਹ ਸ਼ਬਦ, ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਹੋਇਆ ਹੈ ਜੋ, ਰਾਗ ਮਾਲਾ ਗਉੜੀ ਵਿਚ, ਪੰਨਾ ੯੮੮ ਤੇ ਸੁਭਾਇਮਾਨ ਹੈ। ਸ਼ਬਦ ਸ਼ੁਰੂ ਕਰਣ ਤੋਂ ਪਹਿਲਾਂ, ਮੰਗਲਾਚਰਣ ਦੇ, ਕੁਲ ਪੰਜ ਸਰੂਪਾਂ ਵਿਚੋਂ, ਚੌਥਾ ਸਰੂਪ ਦਰਜ ਹੈ।

**ਧਨਿ ਧੰਨਿ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥**

**ਅਰਥ :** ਭਗਤ ਨਾਮਦੇਵ ਜੀ ਫ਼ੁਰਮਾਣ ਕਰਦੇ ਹਨ ਕਿ ਸਰਵ-ਵਿਆਪੀ ਪਰਮਾਤਮਾ ਦੇ ਨਾਮ ਦੀ ਬੰਸਰੀ ਦੇ ਰੂਪ ਵਿਚ, ਭਾਵ, ਹੁਕਮ ਅਤੇ ਅਨਹਤ ਨਾਦ ਦੀ ਧੁਨੀ, ਸਾਰੀ ਦੁਨੀਆਂ ਵਿਚ ਵਜ ਰਹੀ ਹੈ। ਇੰਞ ਉਹ ਅਨਹਦ ਸ਼ਬਦ ਦੀ ਮਿਠੀ ਮਿਠੀ ਧੁਨ ਸਾਰੀ ਕਾਇਨਾਤ ਵਿਚ ਗਜ ਰਹੀ ਹੈ। ਕਹਿਣ ਦਾ ਭਾਵ ਇਹ ਹੈ ਕਿ ਪਰਮਾਤਮਾ ਦਾ ਹੁਕਮ, Sovereignty, ਅਨਾਹਤ ਸ਼ਬਦ ਦੇ ਰੂਪ ਵਿਚ ਸਾਰਿਆਂ ਪਾਸੇ ਵਿਆਪਕ ਹੈ।

ਭਗਤ ਨਾਮਦੇਵ ਜੀ ਨੇ, ਪੰਨਾ ੯੭੩ ਤੇ, ਅਤਿਅੰਤ ਉਚੀ ਅਧਿਆਤਮਕ ਅਵੱਸਥਾ ਦੀ ਗਲ ਦਸੀ ਹੈ ਕਿ ਉਨ੍ਹਾਂ ਨੂੰ ਹੁਣ ਕਿਸੇ ਵੀ ਧਰਮ ਗ੍ਰੰਥ ਪੜ੍ਹਣ, ਉਨ੍ਹਾਂ ਵਿਚ ਮੌਜੂਦ ਬਾਣੀ ਨੂੰ ਗਾਉਣ ਦੀ ਲੋੜ ਨਹੀਂ ਰਹੀ। ਹੁਣ ਉਹ ਨਿਰੰਕਾਰ ਦੇ ਅਖੰਡ ਮੰਡਲ ਵਿਚ, ਸਦਾ ਵਜਣ ਵਾਲੀ ਅਨਾਹਦ ਧੁਨੀ/ਹੁਕਮ ਦਾ ਹਿਸਾ ਬਣ ਕੇ, ਉਸ ਬੰਸਰੀ ਨੂੰ ਵਜਾ ਰਹੇ ਹਨ - 'ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ॥ ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ॥' ਇਸ ਅਵੱਸਥਾ ਤੇ ਭਾਵ ਨੂੰ, ਸ਼ਬਦਾਂ ਵਿਚ ਪੂਰਨ ਤੌਰ ਤੇ ਬਿਆਨ ਕਰਨਾ ਅਸੰਭਵ ਹੈ। ਮੌਜੂਦਾ ਸ਼ਬਦ ਵਿਚ ਭਗਤ ਜੀ, ਇਸੇ ਧੁਨੀ, ਪਿਛੇ, ਗੁਰ-ਜੋਤਿ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਦਾ ਕ੍ਰਿਸ਼ਮਾ ਵੇਖ ਰਹੇ ਹਨ।

**ਧਨਿ ਧਨਿ ਮੇਘਾ ਰੋਮਾਵਲੀ ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥**

**ਅਰਥ :** ਧੰਨ ਹੈ, ਧੰਨ ਹੈ, ਉਹ ਭੇਡੂ ਅਤੇ ਉਸਦੀ ਊਨ। ਉਹ ਭੇਡੂ, ਜਿਸਦੀ ਊਨ ਤੋਂ ਸ੍ਰੀ ਕ੍ਰਿਸ਼ਨ ਜੀ ਨੇ ਜੋ ਕੰਬਲੀ ਓਢੀ ਹੈ, ਉਹ ਵੀ ਧੰਨ ਹੈ।੧।

**ਧਨਿ ਧਨਿ ਤੂ ਮਾਤਾ ਦੇਵਕੀ ॥ ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥**

**ਅਰਥ :** ਹੇ ਮਾਤਾ ਦੇਵਕੀ ਤੂੰ ਧੰਨ ਹੈਂ, ਧੰਨ ਹੈਂ। ਉਹ ਮਾਤਾ ਦੇਵਕੀ ਜਿਸਦੇ ਘਰ, ਸੋਹਣੇ ਰਾਮ, ਮਾਇਆ ਦੇ ਪਤੀ, ਸ੍ਰੀ ਕ੍ਰਿਸ਼ਨ ਜੀ ਪ੍ਰਗਟ ਹੋਏ ਹਨ।੨।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਚਨਾਂ ਅਨੁਸਾਰ, ਅਕਾਲ ਪੁਰਖ ਨੇ, ਸੰਤ ਜਨਾਂ ਦੀ ਰਖਿਆ ਲਈ, ਸ੍ਰੀ ਕ੍ਰਿਸ਼ਨ ਜੀ, ਹਰਿ ਰਾਇ, ਨੂੰ ਮਥੁਰਾ ਵਿਖੇ ਜਨਮ ਲੈਣ ਲਈ, ਹੁਕਮ ਕੀਤਾ - 'ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ॥ ਮਥੁਰਾ ਮੰਡਲ ਕੇ ਬਿਖੈ ਜਨਮੁ ਧਰੋ ਹਰਿ ਰਾਇ॥', ਸ੍ਰੀ ਦਸਮ ਗ੍ਰੰਥ ਸਾਹਿਬ। ਮਹਾਤਮਾ ਨੂੰ ਜਨਮ ਦੇਣ ਵਾਲੀ, ਹਮੇਸ਼ਾਂ ਹੀ ਧੰਨਤਾ ਜੋਗ ਹੁੰਦੀ ਹੈ। ਫ਼ਿਰ, ਜਿਸ ਰਾਹੀਂ ਗੁਰ-ਜੋਤਿ ਪ੍ਰਗਟ ਹੋਈ ਹੋਵੇ, ਉਸ ਦੀ ਵਡਿਆਈ ਵਡੀ ਹੀ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਦਾ, ਪੰਨਾ ੩੨ ਤੇ ਫ਼ੁਰਮਾਣ ਹੈ - 'ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥', ਭਾਵ, ਗੁਰ-ਜੋਤਿ ਰੂਪੀ ਮਹਾਤਮਾ ਦਾ ਮਾਤਾ ਪਿਤਾ ਬਣਨਾ, ਵਡੇ ਭਾਗਾਂ ਵਾਲੀ ਗਲ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਪੰਨਾ ੩੧੦ ਤੇ ਵਾਕ ਹਨ - 'ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥'

ਭਾਈ ਗੁਰਦਾਸ ਜੀ ਨੇ ਸ੍ਰੀ ਕ੍ਰਿਸ਼ਨ ਜੀ ਲਈ 'ਹਰਿ ਜੀ' ਸ਼ਬਦ ਦੀ ਵਰਤੋਂ ਕੀਤੀ ਹੈ - 'ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ॥' ਅਜ ਜੇ ਹੁਣ ਇਸ ਸ਼ਬਦ ਦਾ

ਕੀਰਤਨ ਮਨ੍ਹਾਂ ਕੀਤਾ ਜਾਂਦਾ ਹੈ ਤਾਂ ਇਹ ਗੁਰ ਸਿਧਾਂਤ ਨੂੰ ਖੰਡਤ, dilute ਕਰਨ ਤੋਂ ਵੀ ਵਧ ਹੈ। ਬਾਬਾ ਰਾਮਰਾਇ ਜੀ ਨੇ ਵਕਤ ਦੀ ਹਕੂਮਤ ਦੇ ਪ੍ਰਭਾਵ ਕਾਰਣ ਗੁਰਬਾਣੀ ਵਿਚ ਅੰਕਤ '**ਮੁਸਲਮਾਨ**' ਸ਼ਬਦ ਦੀ ਥਾਂ '**ਬੇਇਮਾਨ**' ਸ਼ਬਦ ਦੀ ਵਰਤੋਂ ਕਰ ਲਈ ਸੀ, ਜਿਸ ਕਰ ਕੇ ਸ੍ਰੀ ਗੁਰੂ ਹਰਿ ਰਾਇ ਪਾਤਸ਼ਾਹ ਨੇ ਛੇਕ ਦਿਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ, ਪੰਨਾ ੧੦੦੮ ਤੇ, ਸ੍ਰੀ ਕ੍ਰਿਸ਼ਨ ਜੀ ਵਲੋਂ, ਦ੍ਰੋਪਦੀ ਦੇ ਸਨਮਾਨ ਦੀ ਰਖਿਆ ਕਰਨ ਨੂੰ ਬਿਆਨ ਕਰਣ ਲਗਿਆਂ 'ਕਰੁਣਾਮੈ' ਸ਼ਬਦ ਦੀ ਵਰਤੋਂ ਕੀਤੀ ਹੈ ਅਤੇ ਦ੍ਰੋਪਦੀ ਦੁਆਰਾ ਸ੍ਰੀ ਕ੍ਰਿਸ਼ਨ ਜੀ ਨੂੰ ਰਖਿਆ ਲਈ ਪੁਕਾਰਨਾ 'ਰਾਮ ਨਾਮ ਸੁਧਿ ਆਈ' ਦਸਿਆ ਹੈ - 'ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧ ਆਈ॥ ਤਾ ਕਉ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥' ਇਸੇ ਕਾਰਜ ਦਾ ਅਤੇ ਉਸ ਤੋਂ ਬਾਅਦ ਦਾ ਬਿਆਨ ਕਰਦਿਆਂ, ਭਾਈ ਗੁਰਦਾਸ ਜੀ ਨੇ 'ਠਾਕੁਰ' ਸ਼ਬਦ ਵਰਤਿਆ ਹੈ - 'ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ॥ ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥... ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥ ਨਾਥ ਅਨਾਥਾਂ ਬਾਣਿ ਧੁਰਾਂਦੀ॥', ਵਾਰ ੧੦:੮

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੧੦੪੧ ਤੇ ਬਚਨ ਕੀਤੇ ਹਨ ਕਿ ਗੁਰਮਤਿ ਅਨੁਸਾਰ ਹੀ, ਲੋਕ ਰਖਿਆ ਲਈ, ਗੋਵਰਧਨ ਪਰਬਤ ਚੁਕ ਲਿਆ ਸੀ - 'ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ॥' ਪ੍ਰੋ. ਸਾਹਿਬ ਸਿੰਘ ਅਤੇ ਸ. ਮਨਮੋਹਨ ਸਿੰਘ ਨੇ ਵੀ, ਆਪਣੇ ਕੀਤੇ ਟੀਕਿਆਂ ਵਿਚ ਇਹੀ ਅਰਥ ਕੀਤੇ ਹਨ। ਗੁਰਬਾਣੀ ਵਿਚ ਪ੍ਰਭੂ ਦੇ ਉਹ ਅਨੇਕਾਂ ਨਾਂ ਵਰਤੇ ਗਏ ਹਨ ਜੋ, ਸ੍ਰੀ ਕ੍ਰਿਸ਼ਨ ਜੀ ਦੇ ਮੰਨੇ ਜਾਂਦੇ ਹਨ। ਭਾਵੇਂ, ਗੁਰਬਾਣੀ ਵਿਚ ਉਹ ਅਕਾਲ ਪੁਰਖ ਦੇ ਨਾਂਵਾਂ ਦੇ ਲਖਾਇਕ ਹਨ, ਪਰ ਉਨ੍ਹਾਂ ਨਾਵਾਂ ਦੀ ਘਾੜਤ ਤਾਂ ਸ੍ਰੀ ਕ੍ਰਿਸ਼ਨ ਜੀ ਦੇ ਕੀਤੇ ਕੌਤਕਾਂ ਤੋਂ ਹੀ ਹੋਈ ਹੈ। ਸ੍ਰੀ ਕ੍ਰਿਸ਼ਨ ਜੀ ਨੂੰ ਪਰਮਾਤਮਾ ਦੇ ਨੁਮਾਇੰਦੇ, ਗੁਰ-ਜੋਤਿ ਜਾਣ ਕੇ, ਗੁਰੂ ਅਤੇ ਭਗਤ ਸਾਹਿਬਾਨ ਨੇ ਉਹ ਨਾਂ ਅਕਾਲ ਪੁਰਖ ਲਈ ਵਰਤੇ ਹਨ, ਜਿਵੇਂ ਮੁਰਾਰੀ, ਮਧੁਸੂਦਨ, ਦਮੋਦਰ, ਗੋਵਰਧਨ ਧਾਰੀ, ਚਕ੍ਰਧਰ, ਗੋਪੀ ਨਾਥ, ਬਨਵਾਰੀ ਆਦਿ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜ, ਮੌਕੇ ਦੇ ਇੰਚਾਰਜ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦਾ ਹੀ ਓਟ ਆਸਰਾ ਲੈਣਾ ਹੀ ਉਚਿਤ ਹੈ ਅਤੇ ਇਸ ਬਾਰੇ ਗੁਰ-ਫੁਰਮਾਣ ਵੀ ਹੈ 'ਪ੍ਰਿਥਮ ਭਗੌਤੀ ਸਿਮਰਿ ਕੈ ਗੁਰੁ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥...' ਅਰਜ਼ੀ ਤਾਂ ਮੌਕੇ ਦੇ ਪਾਤਸ਼ਾਹ ਨੂੰ ਹੀ ਦਿਤੀ ਜਾਂਦੀ ਹੈ। ਸਿੱਕਾ, ਹੁਕਮ ਅਤੇ ਕਾਨੂੰਨ ਵੀ ਮੌਕੇ ਦੇ ਸ਼ਾਸਕ ਦੇ ਹੀ ਚਲਦੇ ਹਨ, ਗਏ ਹੋਏ ਦੇ ਨਹੀਂ। ਪਰ ਇਤਿਹਾਸ ਵਿਚ, ਪਿਛਲੇ ਮਹਾਤਮਾਵਾਂ ਦਾ ਵਰਣਨ ਕਰਨਾ ਕੋਈ ਗੁਨਾਹ ਨਹੀਂ।

**ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥ ਜਹ ਖੇਲੈ ਸ੍ਰੀ ਨਾਰਾਇਨਾ ॥੩॥**

**ਅਰਥ :** ਧੰਨ ਹੈ ਧੰਨ ਹੈ ਬਿੰਦਰਾਬਨ ਦਾ ਉਹ ਹਿਸਾ, ਜਿਥੇ, ਨਾਰਾਇਣ ਰੂਪ ਸ੍ਰੀ ਕ੍ਰਿਸ਼ਨ ਜੀ ਨੇ ਖੇਡਾਂ ਕੀਤੀਆਂ।੪।

ਇਥੇ ਇਹ ਸਮਝ ਲੈਣ ਦੀ ਲੋੜ ਹੈ ਕਿ ਭਗਤ ਜੀ ਦੇ ਇਸ ਸ਼ਬਦ ਅਤੇ ਹੋਰ ਗੁਰ ਫੁਰਮਾਣਾਂ ਤੋਂ ਇਹ ਸਪੱਸ਼ਟ ਹੈ ਕਿ ਸ੍ਰੀ ਕ੍ਰਿਸ਼ਨ ਜੀ ਕੋਈ ਵਿਸ਼ਨੂ ਦਾ ਅਵਤਾਰ ਨਹੀਂ, ਜਿਹਾ ਕਿ, ਹਿੰਦੂ ਮੰਨਦੇ ਹਨ। ਉਹ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਵਿਸ਼ਨੂ ਦਾ ਅਵਤਾਰ ਕਹਿਣ ਦੀ ਭੁਲ ਵੀ ਕਰਦੇ ਹਨ। ਬ੍ਰਹਮਾ, ਵਿਸ਼ਨੂ, ਸ਼ਿਵ ਆਦਿ ਦੇਵਤਿਆਂ ਦੀ, ਅਕਾਲ ਪੁਰਖ ਤਕ ਪਹੁੰਚ ਨਾ ਹੋਣ ਦੇ ਅਨੇਕਾਂ ਪ੍ਰਮਾਣ, ਬਾਣੀ ਵਿਚੋਂ ਮਿਲ ਜਾਂਦੇ ਹਨ। (ਇਸੇ ਤਰ੍ਹਾਂ ਸ੍ਰੀ ਰਾਮਚੰਦਰ ਜੀ ਵੀ ਗੁਰਬਾਣੀ ਨੇ ਵਿਸ਼ਨੂ ਦਾ ਅਵਤਾਰ ਨਹੀਂ, ਸਗੋਂ ਪਰਮਾਤਮਾ ਦਾ ਨੁਮਾਇੰਦਾ ਮੰਨਿਆ ਅਤੇ ਉਨ੍ਹਾਂ ਨੂੰ 'ਗੁਰਮੁਖਿ' ਦਸਿਆ।) ਕਿਸੇ ਵਿਸ਼ਨੂ ਆਦਿ ਦੇਵਤੇ ਜਾਂ ਉਨ੍ਹਾਂ ਦੇ ਅਵਤਾਰਾਂ ਨੂੰ 'ਗੁਰਮੁਖਿ' ਨਹੀਂ ਕਿਹਾ, ਸਗੋਂ, ਉਨ੍ਹਾਂ ਨੂੰ ਤਾਂ ਵਿਕਾਰਾਂ ਵਿਚ ਗ੍ਰਸਤ ਪ੍ਰਮਾਣਤ ਕੀਤਾ ਹੈ। ਅਜ,

'ਹਿੰਦੂ ਮੂਲੇ ਭੂਲੇ' ਹੋਣ ਕਰਕੇ ਸਭ ਪਾਸੇ ਵਿਸ਼ਣੂ ਆਦਿ ਦੇਵਤਿਆਂ ਦੀ ਹੀ ਹੋਂਦ ਸਮਝੀ ਬੈਠੇ ਹਨ ਅਤੇ ਹਰ ਮਹਾਤਮਾ ਨੂੰ ਉਨ੍ਹਾਂ ਦਾ ਅਵਤਾਰ ਦਸ ਦਿੰਦੇ ਹਨ। ਗੁਰਬਾਣੀ ਨੇ ਦੇਵਤਿਆਂ ਦਾ ਦਾਇਰਾ ਤਾਂ ਬਹੁਤ ਹੀ ਸੀਮਤ ਦਸਿਆ ਹੈ। ਦੇਵੀ ਦੇਵਤੇ ਮਹਾਤਮਾ ਨਹੀਂ ਹੁੰਦੇ।

ਜਿਵੇਂ ਭੱਟ ਕੀਰਤ ਜੀ ਨੇ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਤੀਜੇ ਨਾਨਕ ਬਾਰੇ ਫ਼ੁਰਮਾਣ ਕੀਤਾ ਹੈ ਕਿ ਉਹ ਨਾਰਾਇਣ ਜੀ ਆਪ, ਸੱਤਾ, ਭਾਵ, Sovereignty ਰਚ ਕੇ ਜਗ ਵਿਚ ਪ੍ਰਵਿਰਤ ਹੋਏ। ਅਤੇ ਨਿਰੰਕਾਰ ਆਪ, ਸ੍ਰੀ ਗੁਰੂ ਅਮਰ ਦਾਸ ਪਾਤਸ਼ਾਹ ਦਾ ਆਕਾਰ ਰੂਪ ਹੋ ਕੇ, ਜਗਤ ਵਿਚ ਆਪਣੀ ਜੋਤਿ, ਭਾਵ, ਸੱਤਾ ਜਾਂ Sovereignty ਨੂੰ ਪ੍ਰਗਟ ਕੀਤਾ - 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਯਿਉ॥', ਪੰਨਾ ੧੩੯੫. ਠੀਕ ਇਸੇ ਤਰ੍ਹਾਂ, ਭਗਤ ਨਾਮਦੇਵ ਜੀ ਨੇ, ਸ੍ਰੀ ਕ੍ਰਿਸ਼ਨ ਜੀ ਦੇ ਨਾਰਾਇਣ ਰੂਪ ਹੋ ਕੇ, ਮਾਤਾ ਦੇਵਕੀ ਦੇ ਘਰ ਆਉਣ ਬਾਰੇ ਬਚਨ ਕੀਤਾ ਹੈ।

ਜਿਥੇ ਸ੍ਰੀ ਕ੍ਰਿਸ਼ਨ ਜੀ ਵਿਚਰੇ, ਉਸ ਅਸਥਾਨ ਨੂੰ ਵੀ ਗੁਰਬਾਣੀ ਦੇ ਸਿਧਾਤਾਂ ਦੇ ਅਨੁਰੂਪ ਹੀ, ਧੰਨ ਕਿਹਾ ਹੈ, ਜਿਵੇਂ, ਪੰਨਾ ੩੧੯ ਤੇ ਪੰਜਵੇਂ ਪਾਤਸ਼ਾਹ ਦੇ ਬਚਨ ਹਨ - 'ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥' ਪੰਨਾ ੬੯੧ ਤੇ ਵੀ ਬਚਨ ਕਰਦੇ ਹਨ - 'ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥'

ਗੁਰਬਾਣੀ ਦਾ ਬਚਨ ਇੰਨ ਬਿੰਨ ਮੰਨਣਾ, ਹਰ ਸਿਖ ਦਾ ਪਰਮ ਕਰਤੱਵ ਹੈ। ਇਸ ਲਈ, ਕਿਸੇ ਵੀ ਸਿਧਾਂਤ ਨੂੰ, ਪਹਿਲਾਂ ਤੋਂ ਹੀ ਮਨ ਵਿਚ ਧਾਰ ਕੇ ਗੁਰਬਾਣੀ ਨਹੀਂ ਪੜ੍ਹਨੀ ਚਾਹੀਦੀ, ਸਗੋਂ, ਗੁਰਬਾਣੀ ਪੜ੍ਹ ਕੇ ਹੀ ਮਨ ਵਿਚ, ਉਸ ਦੇ ਸਿਧਾਂਤ ਨੂੰ ਮੰਨਣਾ ਚਾਹੀਦਾ ਹੈ। ਕਿਸੇ ਵੀ ਮਹਾਤਮਾ ਦਾ ਖੰਡਨ ਕਰਨਾ ਬਹੁਤ ਸੌਖਾ ਹੈ, ਜਿਵੇਂ ਕਿ ਅਜ ਇਹ ਵਾਦੀ ਬਣ ਚੁਕੀ ਹੈ, ਇਹ ਗਲਤੀ ਬਹੁਤੇ ਕਰ ਰਹੇ ਹਨ, ਚਾਹੇ ਸਿਖ ਹੋਣ, ਚਾਹੇ ਹਿੰਦੂ, ਮੁਸਲਮਾਨ, ਈਸਾਈ, ਯਹੂਦੀ। ਸਚ ਦੀ ਕਮਾਈ ਕਰਣ ਦੀ ਥਾਂ, ਸੰਤਾਂ ਸਾਧਾਂ, ਗੁਰੂ ਪੀਰਾਂ, ਮਹਾਤਮਾਵਾਂ ਨੂੰ ਵੰਡੀ ਫ਼ਿਰਦੇ ਹਨ। ਇਹ ਸਭ ਦੇ ਸਾਂਝੇ ਹੁੰਦੇ ਹਨ, ਕਿਸੇ ਵਿਸ਼ੇਸ਼ ਧਰਮ, ਫ਼ਿਰਕੇ, ਜਾਤ, ਰੰਗ ਜਾਂ ਲਿੰਗ ਦੇ ਭੇਦ ਵਿਚ ਨਹੀਂ ਹੁੰਦੇ। ਬਾਂਸਾਂ ਵਾਂਙੂੰ ਖਹਿਣ ਨਾਲੋਂ, ਜੇ ਮਹਾਤਮਾਵਾਂ ਦੇ ਆਖੇ ਲਗ ਕੇ ਸਚ ਦੀ ਕਮਾਈ ਕੀਤੀ ਜਾਏ, ਉਹੀ ਉਤਮ ਧਰਮ ਹੈ।

ਜੇ ਗੁਰਬਾਣੀ ਵਿਚ, ਕਿਸੇ ਮਹਾਤਮਾ ਬਾਰੇ, ਕੋਈ ਟਿਪਣੀ ਆਈ ਵੀ ਹੈ ਤਾਂ ਉਸ ਦਾ ਸਹੀ ਸੰਦਰਭ ਅਤੇ ਮਨੋਰਥ ਜਾਣ ਲੈਣਾ ਅਤਿਅੰਤ ਜ਼ਰੂਰੀ ਹੈ। ਫ਼ਿਰ ਗੁਰੂ ਸਾਹਿਬਾਨ ਤਾਂ ਮਾਲਕ ਹਨ, ਕਿਸੇ ਬਾਰੇ ਕੋਈ ਵੀ ਟਿਪਣੀ ਕਰਨ ਲਈ, ਉਹ Authority ਹਨ, ਉਹ ਕਰਤਾ ਰੂਪ ਹਨ, ਪਰ ਅਸੀਂ ਉਨ੍ਹਾਂ ਦੀ ਰੀਸ ਕਰਕੇ, ਕਿਸੇ ਵੀ ਮਹਾਤਮਾ ਦੀ ਨਿੰਦਿਆ ਕਰਕੇ, ਅਣਹੋਂਦਾ ਭਾਰ ਆਪਣੇ ਸਿਰ ਕਿਉਂ ਲਈਏ !

**ਬੇਨੁ ਬਜਾਵੈ ਗੋਧਨ ਚਰੈ ॥ ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥**

**ਅਰਥ** : ਉਹੀ ਸ੍ਰੀ ਕ੍ਰਿਸ਼ਨ ਜੀ ਹੀ, ਉਸ ਮੌਕੇ ਤੇ ਗਊਆਂ ਚਾਰਣ ਅਤੇ ਬੰਸਰੀ ਬਜਾਵਣਹਾਰੇ ਹਨ। ਇਥੇ, ਇਹੀ ਬੰਸਰੀ, ਪਰਮਾਤਮਾ ਦਾ ਅਨਹੱਦ ਨਾਦ ਤੇ ਵਿਆਪਕ ਰੱਬੀ ਹੁਕਮ ਹੈ। ਭਗਤ ਨਾਮਦੇਵ ਜੀ, ਸਾਫ਼ ਫ਼ੁਰਮਾਣ ਕਰ ਰਹੇ ਹਨ ਕਿ ਉਹੀ, ਸ੍ਰੀ ਕ੍ਰਿਸ਼ਨ ਜੀ, ਨਾਮਦੇਵ ਜੀ ਦੇ ਸੁਆਮੀ ਰੂਪ ਹਨ, ਜੋ ਇੰਞ ਬੰਸਰੀ ਵਜਾ ਕੇ, ਖੇਡਾਂ ਕਰ ਕੇ, ਅਨੰਦ ਕਰ ਰਹੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ, ਪਿਤਾ ਕਲਿਆਣ ਰਾਇ ਜੀ ਦੇ ਭੇਜਣ ਕਰਕੇ, ਗਊਆਂ ਮਝਾਂ ਚਾਰੀਆਂ ਸਨ ਅਤੇ ਉਨ੍ਹਾਂ ਥਾਵਾਂ ਤੇ ਮਗਨ ਹੋ ਕੇ ਅਨੰਦ ਕੀਤਾ ਸੀ, ਸੱਪ ਨੇ ਛਾਂ ਕੀਤੀ ਸੀ, ਆਪਣੇ ਪਸ਼ੂਆਂ ਦੁਆਰਾ ਚਰੇ ਖੇਤ ਹਰੇ ਕੀਤੇ ਸਨ, ਜਿਸ ਦੀ ਸਮਝ, ਸਿਰਫ਼, ਰਾਇ ਬੁਲਾਰ ਖਾਨ ਜੀ ਨੂੰ ਹੀ ਪਈ ਸੀ।